# 29 ਰਬੀ-ਉਲ-ਅੱਵਲ 1448 ਹਿਜਰੀ (11 ਸਤੰਬਰ 2026) ਦੇ ਜੁਮੇ ਦੇ ਖ਼ੁਤਬੇ ਦਾ ਅਨੁਵਾਦ ਹੈ,

# تَرْبِيَةُ الْأَوْلَادِ

## ਬੱਚਿਆਂ ਦੀ ਪਰਵਰਿਸ਼ (ਤਰਬੀਅਤ)

إِنَّ الْحَمْدَ لِلَّهِ، نَحْمَدُهُ وَنَسْتَعِينُهُ وَنَسْتَغْفِرُهُ، وَنَعُوذُ بِاللهِ مِنْ شُرُورِ أَنْفُسِنَا وَمِنْ سَيِّئَاتِ أَعْمَالِنَا، مَنْ يَهْدِهِ اللهُ فَلَا مُضِلَّ لَهُ، وَمَنْ يُضْلِلْ فَلَا هَادِيَ لَهُ، وَأَشْهَدُ أَن لَّا إِلَهَ إِلَّا اللهُ وَحْدَهُ لَا شَرِيكَ لَهُ، وَأَشْهَدُ أَنَّ مُحَمَّدًا عَبْدُهُ وَرَسُولُهُ، وَصَفِيُّهُ مِنْ خَلْقِهِ وَخَلِيلُهُ، أَدَّى الأَمَانَةَ، وَبَلَّغَ الرِّسَالَةَ، وَجَاهَدَ فِي اللهِ حَقَّ جِهَادِهِ، حَتَّى أَتَاهُ اليَقِينُ، صَلَّى اللَّهُ عَلَيْهِ وَعَلَى آلِهِ وَصَحْبِهِ وَسَلَّمَ تَسْلِيماً كَثِيرًا؛

**ਸਭ ਤਾਰੀਫ਼ਾਂ ਅੱਲਾਹ ਲਈ ਹਨ, ਅਸੀਂ ਉਸੇ ਦੀ ਹਮਦ (ਸਤੁਤੀ) ਕਰਦੇ ਹਾਂ, ਉਸ ਤੋਂ ਹੀ ਮਦਦ ਮੰਗਦੇ ਹਾਂ ਅਤੇ ਉਸ ਤੋਂ ਹੀ ਮਾਫ਼ੀ ਚਾਹੁੰਦੇ ਹਾਂ। ਅਸੀਂ ਆਪਣੀਆਂ ਜਾਨਾਂ ਦੀਆਂ ਬੁਰਾਈਆਂ ਅਤੇ ਆਪਣੇ ਮਾੜੇ ਅਮਲਾਂ ਤੋਂ ਅੱਲਾਹ ਦੀ ਪਨਾਹ ਮੰਗਦੇ ਹਾਂ। ਜਿਸ ਨੂੰ ਅੱਲਾਹ ਹਦਾਇਤ ਦੇਵੇ, ਉਸ ਨੂੰ ਕੋਈ ਭਟਕਾ ਨਹੀਂ ਸਕਦਾ, ਅਤੇ ਜਿਸ ਨੂੰ ਉਹ ਭਟਕਾ ਦੇਵੇ, ਉਸ ਨੂੰ ਕੋਈ ਰਸਤਾ ਵਿਖਾਉਣ ਵਾਲਾ ਨਹੀਂ। ਮੈਂ ਗਵਾਹੀ ਦਿੰਦਾ ਹਾਂ ਕਿ ਅੱਲਾਹ ਤੋਂ ਬਿਨਾਂ ਕੋਈ ਸੱਚਾ ਇਬਾਦਤ ਦੇ ਯੋਗ ਨਹੀਂ, ਉਹ ਇਕੱਲਾ ਹੈ, ਉਸ ਦਾ ਕੋਈ ਸ਼ਰੀਕ ਨਹੀਂ। ਅਤੇ ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ (ਸੱਲੱਲਾਹੁ ਅਲੈਹਿ ਵ ਸੱਲਮ) ਉਸ ਦੇ ਬੰਦੇ, ਉਸ ਦੇ ਰਸੂਲ, ਉਸ ਦੀ ਮਖ਼ਲੂਕ ਵਿੱਚੋਂ ਚੁਣੇ ਹੋਏ ਅਤੇ ਉਸ ਦੇ ਖ਼ਲੀਲ (ਗੂੜ੍ਹੇ ਮਿੱਤਰ) ਹਨ। ਆਪ ਜੀ ਨੇ ਅਮਾਨਤ ਅਦਾ ਕੀਤੀ, ਪੈਗ਼ਾਮ ਪਹੁੰਚਾਇਆ, ਅਤੇ ਅੱਲਾਹ ਦੀ ਰਾਹ ਵਿੱਚ ਪੂਰਾ ਜੇਹਾਦ ਕੀਤਾ ਇੱਥੋਂ ਤੱਕ ਕਿ ਆਪ ਜੀ ਨੂੰ ਯਕੀਨ (ਮੌਤ) ਆ ਗਿਆ। ਅੱਲਾਹ ਦੀਆਂ ਬੇਸ਼ੁਮਾਰ ਰਹਮਤਾਂ ਅਤੇ ਸਲਾਮਤੀ ਹੋਵੇ ਆਪ ਜੀ 'ਤੇ, ਆਪ ਜੀ ਦੀ ਆਲ (ਪਰਿਵਾਰ) 'ਤੇ ਅਤੇ ਆਪ ਜੀ ਦੇ ਸਹਾਬਾ (ਸਾਥੀਆਂ) 'ਤੇ।**

{يَاأَيُّهَا الَّذِينَ آمَنُوا اتَّقُوا اللَّهَ حَقَّ تُقَاتِهِ وَلَا تَمُوتُنَّ إِلَّا وَأَنْتُمْ مُسْلِمُونَ} [آل عمران: 102]

**"ਹੇ ਈਮਾਨ ਵਾਲਿਓ! ਅੱਲਾਹ ਤੋਂ ਡਰੋ ਜਿਵੇਂ ਉਸ ਤੋਂ ਡਰਨ ਦਾ ਹੱਕ ਹੈ, ਅਤੇ ਤੁਹਾਨੂੰ ਮੌਤ ਨਾ ਆਵੇ ਮਗਰ ਇਸ ਹਾਲਤ ਵਿੱਚ ਕਿ ਤੁਸੀਂ ਮੁਸਲਮਾਨ ਹੋਵੋ।"** [ਆਲ-ਏ-ਇਮਰਾਨ: 102]

**ਅੰਮਾ ਬਾਅਦ (ਇਸ ਤੋਂ ਬਾਅਦ):**

فَإِنَّ أَصْدَقَ الْحَدِيثِ كِتَابُ اللهِ، وَخَيْرَ الْهَدْيِ هَدْيُ مُحَمَّدٍ صلى الله عليه وسلم، وَشَرَّ الْأُمُورِ مُحْدَثَاتُهَا، وَكُلَّ مُحْدَثَةٍ بِدْعَةٌ، وَكُلَّ بِدْعَةٍ ضَلَالَةٌ، وَكُلَّ ضَلَالَةٍ فِي النَّارِ.

ਯਕੀਨਨ ਸਭ ਤੋਂ ਸੱਚੀ ਬਾਣੀ ਅੱਲਾਹ ਦੀ ਕਿਤਾਬ ਹੈ, ਅਤੇ ਸਭ ਤੋਂ ਉੱਤਮ ਤਰੀਕਾ ਮੁਹੰਮਦ (ਸੱਲੱਲਾਹੁ ਅਲੈਹਿ ਵ ਸੱਲਮ) ਦਾ ਤਰੀਕਾ ਹੈ। ਸਭ ਤੋਂ ਬੁਰੀਆਂ ਗੱਲਾਂ (ਦੀਨ ਵਿੱਚ) ਨਵੀਆਂ ਕੱਢੀਆਂ ਗਈਆਂ ਗੱਲਾਂ ਹਨ, ਅਤੇ ਹਰ ਨਵੀਂ ਗੱਲ (ਬਿਦਅਤ) ਹੈ, ਹਰ ਬਿਦਅਤ ਗੁਮਰਾਹੀ ਹੈ, ਅਤੇ ਹਰ ਗੁਮਰਾਹੀ ਅੱਗ (ਦੋਜ਼ਖ਼) ਵਿੱਚ ਲੈ ਜਾਣ ਵਾਲੀ ਹੈ।

ਅੱਲਾਹ ਦੇ ਬੰਦੇਓ!

ਔਲਾਦ ਇੱਕ ਇਲਾਹੀ ਨੇਮਤ ਅਤੇ ਰੱਬਾਨੀ ਦਾਤ ਹੈ, ਅੱਲਾਹ ਆਪਣੇ ਬੰਦਿਆਂ ਵਿੱਚੋਂ ਜਿਸ ਨੂੰ ਚਾਹੁੰਦਾ ਹੈ ਇਹ ਅਨਾਇਤ ਕਰਦਾ ਹੈ। ਅੱਲਾਹ ਤਆਲਾ ਦਾ ਫ਼ਰਮਾਨ ਹੈ:

وَاللَّهُ جَعَلَ لَكُمْ مِنْ أَنْفُسِكُمْ أَزْوَاجًا وَجَعَلَ لَكُمْ مِنْ أَزْوَاجِكُمْ بَنِينَ وَحَفَدَةً وَرَزَقَكُمْ مِنَ الطَّيِّبَاتِ} [النحل: 72]

**"ਅਤੇ ਅੱਲਾਹ ਨੇ ਤੁਹਾਡੇ ਲਈ ਤੁਹਾਡੀ ਹੀ ਜਿਨਸ ਤੋਂ ਜੋੜੇ ਬਣਾਏ, ਅਤੇ ਤੁਹਾਡੀਆਂ ਪਤਨੀਆਂ ਤੋਂ ਤੁਹਾਡੇ ਲਈ ਪੁੱਤਰ ਅਤੇ ਪੋਤੇ ਪੈਦਾ ਕੀਤੇ, ਅਤੇ ਤੁਹਾਨੂੰ ਪਾਕੀਜ਼ਾ ਚੀਜ਼ਾਂ ਦਾ ਰਿਜ਼ਕ ਦਿੱਤਾ।"** [ਅਨ-ਨਹਲ: 72]

ਬੱਚੇ ਜ਼ਿੰਦਗੀ ਦੀ ਜ਼ੀਨਤ (ਸ਼ਾਨ) ਅਤੇ ਉਸ ਦੀ ਖ਼ੁਸ਼ੀ ਹਨ, ਸਭ ਤੋਂ ਮਹਾਨ ਅਤੇ ਕੀਮਤੀ ਤੋਹਫ਼ਾ ਹਨ। ਉਨ੍ਹਾਂ ਦੇ ਨੇਕ ਹੋਣ ਨਾਲ ਅੱਖਾਂ ਨੂੰ ਠੰਢਕ ਮਿਲਦੀ ਹੈ, ਮਨ ਨੂੰ ਸਕੂਨ ਮਿਲਦਾ ਹੈ, ਅਤੇ ਦਿਲ ਖ਼ੁਸ਼ ਹੁੰਦਾ ਹੈ। ਇਸੇ ਲਈ ਰਹਿਮਾਨ ਦੇ ਬੰਦਿਆਂ ਦੀ ਦੁਆ ਹੁੰਦੀ ਹੈ:

رَبَّنَا هَبْ لَنَا مِنْ أَزْوَاجِنَا وَذُرِّيَّاتِنَا قُرَّةَ أَعْيُنٍ وَاجْعَلْنَا لِلْمُتَّقِينَ إِمَامًا} [الفرقان: 74]{

**"ਹੇ ਸਾਡੇ ਰੱਬ! ਸਾਨੂੰ ਸਾਡੀਆਂ ਪਤਨੀਆਂ ਅਤੇ ਸਾਡੀ ਔਲਾਦ ਤੋਂ ਅੱਖਾਂ ਦੀ ਠੰਢਕ ਅਤਾ ਫ਼ਰਮਾ, ਅਤੇ ਸਾਨੂੰ ਪਰਹੇਜ਼ਗਾਰਾਂ ਦਾ ਇਮਾਮ (ਲੇਡਰ) ਬਣਾ।"** [ਅਲ-ਫ਼ੁਰਕਾਨ: 74]

ਅੱਲਾਹ ਵੱਲੋਂ ਬੰਦੇ ਲਈ ਪੂਰੀ ਤੌਫ਼ੀਕ ਇਹ ਹੈ ਕਿ ਉਸ ਦੀ ਨਸਲ ਵਿੱਚੋਂ ਅਜਿਹਾ ਇਨਸਾਨ ਪੈਦਾ ਹੋਵੇ ਜੋ ਇਕੱਲੇ ਅੱਲਾਹ ਦੀ ਇਬਾਦਤ ਕਰੇ ਜਿਸ ਦਾ ਕੋਈ ਸ਼ਰੀਕ ਨਹੀਂ। ਉਹ ਆਪਣੇ ਬੱਚੇ ਨੂੰ ਆਪਣੇ ਸਾਹਮਣੇ ਨਮਾਜ਼ ਪੜ੍ਹਦੇ ਵੇਖੇ, ਅਤੇ ਆਪਣੇ ਸਾਹਮਣੇ ਕੁਰਆਨ ਦੀਆਂ ਆਇਤਾਂ ਦੀ ਤਿਲਾਵਤ ਕਰਦੇ ਵੇਖੇ, ਤਾਂ ਉਸ ਦਾ ਮਨ ਖ਼ੁਸ਼ੀ ਨਾਲ ਭਰ ਜਾਂਦਾ ਹੈ ਅਤੇ ਉਸ ਨੂੰ ਅਪਾਰ ਸਰੂਰ ਮਿਲਦਾ ਹੈ। ਇਸ ਲਈ ਔਲਾਦ ਦਾ ਨੇਕ ਹੋਣਾ ਇੱਕ ਬਹੁਤ ਵੱਡੀ ਮੰਗ ਅਤੇ ਅੱਲਾਹ ਲਤੀਫ਼-ਓ-ਖ਼ਬੀਰ ਵੱਲੋਂ ਇੱਕ ਖ਼ਾਸ ਤੌਫ਼ੀਕ ਹੈ।

**ਹੇ ਈਮਾਨ ਵਾਲਿਓ!**

ਬੱਚਿਆਂ ਦੀ ਪਰਵਰਿਸ਼ (ਤਰਬੀਅਤ) ਇੱਕ ਬਹੁਤ ਵੱਡੀ ਜ਼ਿੰਮੇਵਾਰੀ ਅਤੇ ਗੰਭੀਰ ਕਾਰਜ ਹੈ, ਖ਼ਾਸ ਕਰਕੇ ਇਸ ਆਧੁਨਿਕ ਯੁੱਗ ਦੀਆਂ ਚੁਣੌਤੀਆਂ ਦੇ ਵਿੱਚ ਜਿਸ ਵਿੱਚ ਅਸੀਂ ਜੀ ਰਹੇ ਹਾਂ। ਨੇਕ ਤਰਬੀਅਤ ਲਈ ਸਬਰ, ਹਿਕਮਤ (ਦਾਨਾਈ), ਗੰਭੀਰਤਾ ਅਤੇ ਸਮਝਦਾਰੀ ਦੀ ਲੋੜ ਹੁੰਦੀ ਹੈ। ਅੱਜ ਦੇ ਸਮੇਂ ਵਿੱਚ ਬੱਚਿਆਂ ਦੀ ਤਰਬੀਅਤ ਕਰਨਾ ਪਹਿਲਾਂ ਵਰਗਾ ਨਹੀਂ ਰਿਹਾ; ਹੁਣ ਵਸੀਲੇ ਬਦਲ ਗਏ ਹਨ, ਪ੍ਰਭਾਵ ਪਾਉਣ ਵਾਲੀਆਂ ਚੀਜ਼ਾਂ ਵਧ ਗਈਆਂ ਹਨ, ਅਤੇ ਚੁਣੌਤੀਆਂ ਤੇਜ਼ ਹੋ ਗਈਆਂ ਹਨ।

ਅੱਜ ਦਾ ਬੱਚਾ ਇੱਕ ਖੁੱਲ੍ਹੀ ਦੁਨੀਆ ਵਿੱਚ ਜੀ ਰਿਹਾ ਹੈ, ਉਹ ਇਨ੍ਹਾਂ ਆਧੁਨਿਕ ਸਾਧਨਾਂ (ਮੀਡੀਆ/ਇੰਟਰਨੈੱਟ) ਤੋਂ ਆਪਣੇ ਮਾਪਿਆਂ ਨਾਲੋਂ ਜਾਂ ਆਪਣੇ ਉਸਤਾਦਾਂ ਨਾਲੋਂ ਕਿਤੇ ਜ਼ਿਆਦਾ ਸੁਣਦਾ, ਵੇਖਦਾ ਅਤੇ ਪ੍ਰਭਾਵਿਤ ਹੁੰਦਾ ਹੈ। ਇਸ ਲਈ ਅੱਜ ਦੀ ਤਰਬੀਅਤ ਇੱਕ ਰੋਜ਼ਾਨਾ ਦਾ ਜੇਹਾਦ ਅਤੇ ਲਗਾਤਾਰ ਸਬਰ ਮੰਗਦੀ ਹੈ। ਅੱਲਾਹ ਤਆਲਾ ਦਾ ਫ਼ਰਮਾਨ ਹੈ:

يَا أَيُّهَا الَّذِينَ آمَنُوا قُوا أَنْفُسَكُمْ وَأَهْلِيكُمْ نَارًا وَقُودُهَا النَّاسُ وَالْحِجَارَةُ} [التَّحْرِيم:6]

**"ਹੇ ਈਮਾਨ ਵਾਲਿਓ! ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਉਸ ਅੱਗ ਤੋਂ ਬਚਾਓ ਜਿਸ ਦਾ ਬਾਲਣ ਇਨਸਾਨ ਅਤੇ ਪੱਥਰ ਹਨ।"** [ਅਤ-ਤਹਰੀਮ: 6]

ਹਾਫ਼ਿਜ਼ ਇਬਨ ਕਸੀਰ (ਰਹਿਮਹੁੱਲਾਹ) ਫ਼ਰਮਾਉਂਦੇ ਹਨ: *"ਜਾਨੀ ਉਨ੍ਹਾਂ ਨੂੰ ਨੇਕੀ ਦਾ ਹੁਕਮ ਦਿਓ, ਬੁਰਾਈ ਤੋਂ ਰੋਕੋ, ਅਤੇ ਉਨ੍ਹਾਂ ਨੂੰ ਲਾਵਾਰਿਸ/ਲਾਪਰਵਾਹ ਨਾ ਛੱਡੋ, ਨਹੀਂ ਤਾਂ ਕਿਆਮਤ ਦੇ ਦਿਨ ਉਨ੍ਹਾਂ ਨੂੰ ਅੱਗ ਖਾ ਜਾਵੇਗੀ।"*

**ਹੇ ਨੇਕ ਲੋਕੋ!**

ਚੁਣੌਤੀਆਂ ਦੇ ਇਸ ਸਮੇਂ ਵਿੱਚ ਬੱਚਿਆਂ ਦੀ ਪਰਵਰਿਸ਼ ਵਿੱਚ ਮਦਦ ਕਰਨ ਵਾਲੀਆਂ ਸਭ ਤੋਂ ਵੱਡੀਆਂ ਚੀਜ਼ਾਂ ਵਿੱਚੋਂ ਇੱਕ ਹੈ: ਬਚਪਨ ਤੋਂ ਹੀ ਉਨ੍ਹਾਂ ਦੇ ਦਿਲਾਂ ਵਿੱਚ ਈਮਾਨ (ਸ਼ਰਧਾ/ਭਰੋਸਾ) ਦਾ ਬੂਟਾ ਲਗਾਉਣਾ। ਕਿਉਂਕਿ ਜਦੋਂ ਦਿਲ ਈਮਾਨ ਨਾਲ ਭਰ ਜਾਂਦਾ ਹੈ, ਤਾਂ ਸਰੀਰ ਦੇ ਅੰਗ ਸਿੱਧੇ ਰਸਤੇ 'ਤੇ ਆ ਜਾਂਦੇ ਹਨ, ਚਾਲ-ਚਲਣ ਸੁਧਰ ਜਾਂਦਾ ਹੈ, ਅਤੇ ਬੱਚਾ ਆਪਣੇ ਅੰਦਰੋਂ ਹੀ (ਅੱਲਾਹ ਦੀ) ਨਿਗਰਾਨੀ ਦਾ ਅਹਿਸਾਸ ਕਰਨ ਲੱਗ ਪੈਂਦਾ ਹੈ। ਫਿਰ ਉਹ ਸਹੀ ਰਸਤੇ 'ਤੇ ਕਾਇਮ ਰਹਿੰਦਾ ਹੈ, ਭਾਵੇਂ ਕੋਈ ਦੇਖਣ ਵਾਲਾ ਮੌਜੂਦ ਨਾ ਵੀ ਹੋਵੇ। ਹਜ਼ਰਤ ਇਬਨ ਅੱਬਾਸ (ਰਜ਼ੀ.) ਤੋਂ ਰਵਾਇਤ ਹੈ, ਉਨ੍ਹਾਂ ਨੇ ਫ਼ਰਮਾਇਆ: *"ਮੈਂ ਇੱਕ ਦਿਨ ਰਸੂਲੁੱਲਾ (ਸੱਲੱਲਾਹੁ ਅਲੈਹਿ ਵ ਸੱਲਮ) ਦੇ ਪਿੱਛੇ (ਸਵਾਰੀ 'ਤੇ) ਸੀ, ਤਾਂ ਆਪ ਜੀ ਨੇ ਫ਼ਰਮਾਇਆ:*

«يَا غُلَامُ، إِنِّي أُعَلِّمُكَ كَلِمَاتٍ، احْفَظِ اللَّهَ يَحْفَظْكَ، احْفَظِ اللَّهَ تَجِدْهُ تُجَاهَكَ، إِذَا سَأَلْتَ فَاسْأَلِ اللَّهَ، وَإِذَا اسْتَعَنْتَ فَاسْتَعِنْ بِاللَّهِ، وَاعْلَمْ أَنَّ الْأُمَّةَ لَوِ اجْتَمَعَتْ عَلَى أَنْ يَنْفَعُوكَ بِشَيْءٍ لَمْ يَنْفَعُوكَ إِلَّا بِشَيْءٍ قَدْ كَتَبَهُ اللَّهُ لَكَ، وَلَوِ اجْتَمَعُوا عَلَى أَنْ يَضُرُّوكَ بِشَيْءٍ لَمْ يَضُرُّوكَ إِلَّا بِشَيْءٍ قَدْ كَتَبَهُ اللَّهُ عَلَيْكَ، رُفِعَتِ الْأَقْلَامُ وَجَفَّتِ الصُّحُفُ» [رَوَاهُ التِّرْمِذِيُّ وَصَحَّحَهُ]

**"ਹੇ ਲੜਕੇ! ਮੈਂ ਤੈਨੂੰ ਕੁਝ ਗੱਲਾਂ ਸਿਖਾਉਂਦਾ ਹਾਂ: ਅੱਲਾਹ (ਦੇ ਹੁਕਮਾਂ) ਦੀ ਹਿਫ਼ਾਜ਼ਤ ਕਰ, ਅੱਲਾਹ ਤੇਰੀ ਹਿਫ਼ਾਜ਼ਤ ਕਰੇਗਾ। ਅੱਲਾਹ ਨੂੰ ਯਾਦ ਰੱਖ, ਤੂੰ ਉਸ ਨੂੰ ਆਪਣੇ ਸਾਹਮਣੇ ਪਾਵੇਂਗਾ। ਜਦੋਂ ਵੀ ਮੰਗਣਾ ਹੋਵੇ ਤਾਂ ਅੱਲਾਹ ਤੋਂ ਮੰਗ, ਅਤੇ ਜਦੋਂ ਵੀ ਮਦਦ ਚਾਹੀਦੀ ਹੋਵੇ ਤਾਂ ਅੱਲਾਹ ਤੋਂ ਮਦਦ ਲਵੋ। ਅਤੇ ਇਹ ਗੱਲ ਜਾਣ ਲੈ ਕਿ ਜੇਕਰ ਸਾਰੀ ਉੱਮਤ (ਦੁਨੀਆ) ਤੈਨੂੰ ਕੋਈ ਫ਼ਾਇਦਾ ਪਹੁੰਚਾਉਣ ਲਈ ਇਕੱਠੀ ਹੋ ਜਾਵੇ, ਤਾਂ ਵੀ ਉਹ ਤੈਨੂੰ ਉਹੀ ਫ਼ਾਇਦਾ ਪਹੁੰਚਾ ਸਕਦੀ ਹੈ ਜੋ ਅੱਲਾਹ ਨੇ ਤੇਰੇ ਲਈ ਲਿਖ ਦਿੱਤਾ ਹੈ। ਅਤੇ ਜੇਕਰ ਉਹ ਸਾਰੇ ਤੈਨੂੰ ਕੋਈ ਨੁਕਸਾਨ ਪਹੁੰਚਾਉਣ ਲਈ ਇਕੱਠੇ ਹੋ ਜਾਣ, ਤਾਂ ਵੀ ਉਹ ਤੈਨੂੰ ਉਹੀ ਨੁਕਸਾਨ ਪਹੁੰਚਾ**

**ਸਕਦੇ ਹਨ ਜੋ ਅੱਲਾਹ ਨੇ ਤੇਰੇ ਨਸੀਬ ਵਿੱਚ ਲਿਖ ਦਿੱਤਾ ਹੈ। ਕਲਮਾਂ ਚੁੱਕੀਆਂ ਗਈਆਂ ਹਨ ਅਤੇ ਕਾਗ਼ਜ਼ ਸੁੱਕ ਚੁੱਕੇ ਹਨ।"** [ਇਸ ਨੂੰ ਤਿਰਮਿਜ਼ੀ ਨੇ ਰਵਾਇਤ ਕੀਤਾ ਅਤੇ ਸਹੀ ਕਿਹਾ ਹੈ]।

**ਹੇ ਈਮਾਨ ਵਾਲਿਓ!**

ਪੁੱਤਰਾਂ ਅਤੇ ਧੀਆਂ ਦੀ ਤਰਬੀਅਤ ਵਿੱਚ ਇੱਕ ਬਹੁਤ ਹੀ ਲਾਹੇਵੰਦ ਤਰੀਕਾ ਇਹ ਹੈ: ਛੋਟੀ ਉਮਰ ਤੋਂ ਹੀ ਉਨ੍ਹਾਂ ਨੂੰ ਹੁਕਮਾਂ ਦੀ ਪਾਲਣਾ ਕਰਨ ਅਤੇ ਮਨ੍ਹਾ ਕੀਤੀਆਂ ਚੀਜ਼ਾਂ ਤੇ ਬੁਰਾਈਆਂ ਤੋਂ ਦੂਰ ਰਹਿਣ ਦੀ ਆਦਤ ਪਾਉਣਾ। ਅੱਲਾਹ ਤਆਲਾ ਦਾ ਫ਼ਰਮਾਨ ਹੈ:

{وَأْمُرْ أَهْلَكَ بِالصَّلَاةِ وَاصْطَبِرْ عَلَيْهَا لَا نَسْأَلُكَ رِزْقًا نَحْنُ نَرْزُقُكَ وَالْعَاقِبَةُ لِلتَّقْوَى} [طه: 132]

**"ਅਤੇ ਆਪਣੇ ਪਰਿਵਾਰ ਨੂੰ ਨਮਾਜ਼ ਦਾ ਹੁਕਮ ਦਿਓ ਅਤੇ ਆਪ ਵੀ ਇਸ 'ਤੇ ਪੱਕੇ ਰਹੋ। ਅਸੀਂ ਤੁਹਾਡੇ ਤੋਂ ਕੋਈ ਰਿਜ਼ਕ ਨਹੀਂ ਮੰਗਦੇ, ਰਿਜ਼ਕ ਤਾਂ ਅਸੀਂ ਤੁਹਾਨੂੰ ਦਿੰਦੇ ਹਾਂ, ਅਤੇ ਚੰਗਾ ਅੰਤ ਪਰਹੇਜ਼ਗਾਰੀ (ਤਕਵਾ) ਦਾ ਹੀ ਹੈ।"** [ਤਾਹਾ: 132]

ਅਤੇ ਅੱਲਾਹ ਤਆਲਾ ਨੇ ਆਪਣੇ ਬੰਦੇ ਲੁਕਮਾਨ ਬਾਰੇ ਦੱਸਿਆ ਜਦੋਂ ਉਹ ਆਪਣੇ ਜਿਗਰ ਦੇ ਟੁਕੜੇ (ਪੁੱਤਰ) ਨੂੰ ਨਸੀਹਤ ਕਰ ਰਹੇ ਸਨ:

{يَابُنَيَّ أَقِمِ الصَّلَاةَ وَأْمُرْ بِالْمَعْرُوفِ وَانْهَ عَنِ الْمُنْكَرِ وَاصْبِرْ عَلَى مَا أَصَابَكَ إِنَّ ذَلِكَ مِنْ عَزْمِ الْأُمُورِ} [لقمان: 17]

**"ਹੇ ਮੇਰੇ ਪਿਆਰੇ ਪੁੱਤਰ! ਨਮਾਜ਼ ਕਾਇਮ ਕਰ, ਨੇਕੀ ਦਾ ਹੁਕਮ ਦੇ, ਬੁਰਾਈ ਤੋਂ ਰੋਕ, ਅਤੇ ਜੋ ਵੀ ਮੁਸੀਬਤ ਤੇਰੇ 'ਤੇ ਆਵੇ ਉਸ 'ਤੇ ਸਬਰ ਕਰ। ਬੇਸ਼ੱਕ ਇਹ ਬਹੁਤ ਹਿੰਮਤ ਵਾਲੇ ਕੰਮਾਂ ਵਿੱਚੋਂ ਹੈ।"** [ਲੁਕਮਾਨ: 17]

ਅਤੇ ਹਜ਼ਰਤ ਅਬਦੁੱਲਾਹ ਬਿਨ ਅਮਰ (ਰਜ਼ੀ.) ਤੋਂ ਰਵਾਇਤ ਹੈ ਕਿ ਰਸੂਲੁੱਲਾ (ਸੱਲੱਲਾਹੁ ਅਲੈਹਿ ਵ ਸੱਲਮ) ਨੇ ਫ਼ਰਮਾਇਆ:

"مُرُوا أَوْلَادَكُمْ بِالصَّلَاةِ وَهُمْ أَبْنَاءُ سَبْعِ سِنِينَ، وَاضْرِبُوهُمْ عَلَيْهَا وَهُمْ أَبْنَاءُ عَشْرٍ، وَفَرِّقُوا بَيْنَهُمْ فِي الْمَضَاجِعِ" [رَوَاهُ أَبُو دَاوُدَ وَالتِّرْمِذِيُّ وَصَحَّحَهُ]

**"ਆਪਣੇ ਬੱਚਿਆਂ ਨੂੰ ਨਮਾਜ਼ ਦਾ ਹੁਕਮ ਦਿਓ ਜਦੋਂ ਉਹ ਸੱਤ ਸਾਲ ਦੇ ਹੋ ਜਾਣ, ਅਤੇ ਜਦੋਂ ਉਹ ਦਸ ਸਾਲ ਦੇ ਹੋ ਜਾਣ (ਅਤੇ ਨਮਾਜ਼ ਨਾ ਪੜ੍ਹਨ) ਤਾਂ ਉਨ੍ਹਾਂ ਨੂੰ (ਸਖ਼ਤੀ ਨਾਲ) ਤਾੜਨਾ ਕਰੋ, ਅਤੇ ਉਨ੍ਹਾਂ ਦੇ ਸੌਣ ਦੇ ਬਿਸਤਰੇ ਅੱਡ-ਅੱਡ ਕਰ ਦਿਓ।"** [ਇਸ ਨੂੰ ਅਬੂ ਦਾਊਦ ਅਤੇ ਤਿਰਮਿਜ਼ੀ ਨੇ ਰਵਾਇਤ ਕੀਤਾ ਅਤੇ ਸਹੀ ਕਿਹਾ ਹੈ]।

ਬਲਕਿ ਨਬੀ ਕਰੀਮ (ਸੱਲੱਲਾਹੁ ਅਲੈਹਿ ਵ ਸੱਲਮ) ਬੱਚਿਆਂ ਵੱਲ ਖ਼ਾਸ ਧਿਆਨ ਦਿੰਦੇ ਸਨ ਅਤੇ ਉਨ੍ਹਾਂ ਦੇ ਹਾਲ-ਚਾਲ ਦੀ ਖ਼ਬਰ ਲੈਂਦੇ ਸਨ। ਉਨ੍ਹਾਂ ਨਾਲ ਆਪ ਜੀ ਦਾ ਤਰੀਕਾ ਧਿਆਨ ਦੇਣ, ਛੋਹ ਅਤੇ ਰਹਿਮਦਿਲੀ ਨਾਲ ਪੁੱਛਗਿੱਛ

ਕਰਨ 'ਤੇ ਆਧਾਰਿਤ ਸੀ। ਆਪ ਜੀ ਬੱਚੇ ਦੀ ਨਮਾਜ਼ ਬਾਰੇ ਪੁੱਛਦੇ ਸਨ ਤਾਕਿ  ਉਸ ਨੂੰ ਇਸ ਦੀ ਅਹਿਮਿਅਤ ਦਾ ਅਹਿਸਾਸ ਹੋਵੇ, ਇਸ ਦੀ ਆਦਤ ਪਵੇ, ਅਤੇ ਅੱਲਾਹ ਨਾਲ ਉਸ ਦਾ ਸਬੰਧ ਮਜ਼ਬੂਤ ਹੋਵੇ। ਹਜ਼ਰਤ ਇਬਨ ਅੱਬਾਸ (ਰਜ਼ੀ.) ਤੋਂ ਰਵਾਇਤ ਹੈ, ਉਨ੍ਹਾਂ ਨੇ ਫ਼ਰਮਾਇਆ: *"ਮੈਂ ਆਪਣੀ ਖ਼ਾਲਾ ਮੈਮੂਨਾ (ਰਜ਼ੀ.) ਦੇ ਘਰ ਰਾਤ ਨੂੰ ਠਹਿਰਿਆ, ਤਾਂ ਰਸੂਲੁੱਲਾ (ਸੱਲੱਲਾਹੁ ਅਲੈਹਿ ਵ ਸੱਲਮ) ਸ਼ਾਮ ਤੋਂ ਬਾਅਦ ਆਏ ਅਤੇ ਪੁੱਛਿਆ:* **"ਕੀ ਲੜਕੇ ਨੇ ਨਮਾਜ਼ ਪੜ੍ਹ ਲਈ ਹੈ?"** *ਲੋਕਾਂ ਨੇ ਕਿਹਾ: ਹਾਂ।"* [ਇਸ ਨੂੰ ਅਬੂ ਦਾਊਦ ਨੇ ਰਵਾਇਤ ਕੀਤਾ ਅਤੇ ਅਲਬਾਨੀ ਨੇ ਸਹੀ ਕਰਾਰ ਦਿੱਤਾ]।

ਨਬੀ ਕਰੀਮ (ਸੱਲੱਲਾਹੁ ਅਲੈਹਿ ਵ ਸੱਲਮ) ਦੀ ਸਿੱਖਿਆ ਸਿਰਫ਼ ਜ਼ਾਹਰੀ ਇਬਾਦਤਾਂ ਤੱਕ ਹੀ ਸੀਮਤ ਨਹੀਂ ਸੀ, ਬਲਕਿ ਖਾਣ-ਪੀਣ ਅਤੇ ਹੋਰ ਚੀਜ਼ਾਂ ਦੇ ਬਾਰੀਕ ਆਦਾਬ ਅਤੇ ਵਿਵਹਾਰ ਤੱਕ ਫੈਲੀ ਹੋਈ ਸੀ। ਹਜ਼ਰਤ ਉਮਰ ਬਿਨ ਅਬੀ ਸਲਮਾ (ਰਜ਼ੀ.) ਤੋਂ ਰਵਾਇਤ ਹੈ, ਉਨ੍ਹਾਂ ਨੇ ਫ਼ਰਮਾਇਆ: *"ਮੈਂ ਰਸੂਲੁੱਲਾ (ਸੱਲੱਲਾਹੁ ਅਲੈਹਿ ਵ ਸੱਲਮ) ਦੀ ਪਰਵਰਿਸ਼ ਵਿੱਚ ਇੱਕ ਲੜਕਾ ਸੀ, ਅਤੇ (ਖਾਂਦੇ ਸਮੇਂ) ਮੇਰਾ ਹੱਥ ਥਾਲੀ ਵਿੱਚ ਚਾਰੇ ਪਾਸੇ ਘੁੰਮਦਾ ਸੀ। ਤਾਂ ਰਸੂਲੁੱਲਾ (ਸੱਲੱਲਾਹੁ ਅਲੈਹਿ ਵ ਸੱਲਮ) ਨੇ ਮੈਨੂੰ ਫ਼ਰਮਾਇਆ:*

«يَا غُلَامُ، سَمِّ اللَّهَ، وَكُلْ بِيَمِينِكَ، وَكُلْ مِمَّا يَلِيكَ» [رَوَاهُ الْبُخَارِيُّ وَمُسْلِمٌ]

**"ਹੇ ਲੜਕੇ! ਅੱਲਾਹ ਦਾ ਨਾਂ ਲੈ (ਬਿਸਮਿੱਲਾਹ ਪੜ੍ਹ), ਆਪਣੇ ਸੱਜੇ ਹੱਥ ਨਾਲ ਖਾ, ਅਤੇ ਆਪਣੇ ਸਾਹਮਣੇ ਤੋਂ ਖਾ।"** *ਇਸ ਤੋਂ ਬਾਅਦ ਮੇਰਾ ਖਾਣ ਦਾ ਤਰੀਕਾ ਹਮੇਸ਼ਾ ਇਹੀ ਰਿਹਾ।"* [ਇਸ ਨੂੰ ਬੁਖ਼ਾਰੀ ਅਤੇ ਮੁਸਲਿਮ ਨੇ ਰਵਾਇਤ ਕੀਤਾ ਹੈ]।

**ਹੇ ਮੁਸਲਮਾਨੋ!**

ਸਾਡੇ ਜ਼ਮਾਨੇ ਵਿੱਚ ਜਿਨ੍ਹਾਂ ਗੱਲਾਂ ਨੇ ਪਰਵਰਿਸ਼ ਨੂੰ ਸਭ ਤੋਂ ਜ਼ਿਆਦਾ ਵਿਗਾੜਿਆ ਹੈ, ਉਨ੍ਹਾਂ ਵਿੱਚੋਂ ਇੱਕ ਇਹ ਕਹਿਣਾ ਹੈ: *"ਛੱਡੋ, ਅਜੇ ਇਹ ਛੋਟਾ ਹੈ।"* ਇਹ ਇੱਕ ਅਜਿਹਾ ਸ਼ਬਦ ਹੈ ਜੋ ਗ਼ਲਤੀਆਂ ਨੂੰ ਜਾਇਜ਼ ਠਹਿਰਾਉਂਦਾ ਹੈ, ਨਸੀਹਤ ਦੀ ਰੋਸ਼ਨੀ ਨੂੰ ਬੁਝਾਉਂਦਾ ਹੈ, ਅਤੇ ਢਿੱਲ ਦਾ ਦਰਵਾਜ਼ਾ ਖੋਲ੍ਹਦਾ ਹੈ। ਫਿਰ ਬੱਚਾ ਜੋ ਚਾਹੇ ਕਰਦਾ ਹੈ ਅਤੇ ਉਸ ਨੂੰ ਰੋਕਿਆ ਨਹੀਂ ਜਾਂਦਾ, ਅਤੇ ਧੀ ਜੋ ਚਾਹੇ ਕੱਪੜੇ ਪਹਿਨਦੀ ਹੈ ਅਤੇ ਉਸ ਨੂੰ ਟੋਕਿਆ ਨਹੀਂ ਜਾਂਦਾ। ਇੱਥੋਂ ਤੱਕ ਕਿ ਪੀੜ੍ਹੀ ਗ਼ਲਤੀਆਂ 'ਤੇ ਵੱਡੀ ਹੁੰਦੀ ਹੈ, ਲਾਪਰਵਾਹੀ ਦੀ ਆਦੀ ਹੋ ਜਾਂਦੀ ਹੈ, ਅਤੇ ਕਿਸੇ ਦੀ ਗੱਲ ਦੀ ਪਰਵਾਹ ਨਹੀਂ ਕਰਦੀ।

ਜਿਸ ਦਾ ਬੂਟਾ ਬਚਪਨ ਵਿੱਚ ਚੰਗੀ ਤਰ੍ਹਾਂ ਲਗਾਇਆ ਜਾਂਦਾ ਹੈ, ਉਸ ਦੀ ਜ਼ਿੰਦਗੀ ਵੱਡੇ ਹੋ ਕੇ ਮਹਿਕਦੀ ਹੈ। ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਵਾਇਤ ਹੈ, ਉਨ੍ਹਾਂ ਨੇ ਫ਼ਰਮਾਇਆ: *"ਹਜ਼ਰਤ ਹਸਨ ਬਿਨ ਅਲੀ (ਰਜ਼ੀ.) ਨੇ ਸਦਕੇ ਦੀਆਂ ਖ਼ਜੂਰਾਂ ਵਿੱਚੋਂ ਇੱਕ ਖ਼ਜੂਰ ਚੁੱਕ ਕੇ ਆਪਣੇ ਮੂੰਹ ਵਿੱਚ ਪਾ ਲਈ। ਤਾਂ ਨਬੀ ਕਰੀਮ (ਸੱਲੱਲਾਹੁ ਅਲੈਹਿ ਵ ਸੱਲਮ) ਨੇ ਫ਼ਰਮਾਇਆ:* «كِخْ كِخْ» **("ਛੱਡੋ, ਛੱਡੋ/ਚੀ-ਚੀ")** *ਤਾਂ ਜੋ ਉਹ ਉਸ ਨੂੰ ਸੁੱਟ ਦੇਵੇ, ਫਿਰ ਫ਼ਰਮਾਇਆ:* «أَمَا شَعَرْتَ أَنَّا لَا نَأْكُلُ الصَّدَقَةَ» **("ਕੀ ਤੈਨੂੰ ਨਹੀਂ ਪਤਾ ਕਿ ਅਸੀਂ (ਆਲ-ਏ-ਮੁਹੰਮਦ) ਸਦਕਾ ਨਹੀਂ ਖਾਂਦੇ?")**" [ਇਸ ਨੂੰ ਬੁਖ਼ਾਰੀ ਨੇ ਰਵਾਇਤ ਕੀਤਾ ਹੈ]।

ਇਮਾਮ ਇਬਨ ਅਲ-ਕੱਯਿਮ (ਰਹਿਮਹੁੱਲਾਹ) ਫ਼ਰਮਾਉਂਦੇ ਹਨ: *"ਜਿਸ ਨੇ ਆਪਣੇ ਬੱਚੇ ਨੂੰ ਫ਼ਾਇਦੇਮੰਦ ਚੀਜ਼ਾਂ ਸਿਖਾਉਣ ਵਿੱਚ ਲਾਪਰਵਾਹੀ ਕੀਤੀ ਅਤੇ ਉਸ ਨੂੰ ਉਂਜ ਹੀ ਛੱਡ ਦਿੱਤਾ, ਉਸ ਨੇ ਉਸ ਨਾਲ ਸਭ ਤੋਂ ਵੱਡੀ ਬੁਰਾਈ ਕੀਤੀ। ਜ਼ਿਆਦਾਤਰ ਬੱਚਿਆਂ ਦਾ ਵਿਗਾੜ ਉਨ੍ਹਾਂ ਦੇ ਮਾਪਿਆਂ ਵੱਲੋਂ ਹੀ ਆਉਂਦਾ ਹੈ ਜੋ ਉਨ੍ਹਾਂ ਦੀ ਦੇਖਭਾਲ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਦੀਨ ਦੇ ਫ਼ਰਜ਼ ਅਤੇ ਸੁਨੰਤਾਂ ਨਹੀਂ ਸਿਖਾਉਂਦੇ। ਉਨ੍ਹਾਂ ਨੇ ਬਚਪਨ ਵਿੱਚ ਹੀ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ, ਇਸ ਲਈ ਨਾ ਉਹ ਆਪ ਆਪਣੇ ਕੰਮ ਦੇ ਰਹੇ ਅਤੇ ਨਾ ਹੀ ਵੱਡੇ ਹੋ ਕੇ ਆਪਣੇ ਮਾਪਿਆਂ ਦੇ ਕੰਮ ਆਏ।"*

**ਅਖ਼ਲਾਕ ਵੀ ਪੌਦੇ ਦੀ ਤਰ੍ਹਾਂ ਉੱਗਦੇ ਹਨ... ਜਦੋਂ ਉਨ੍ਹਾਂ ਨੂੰ ਸ਼ਾਨਦਾਰ ਗੁਣਾਂ ਦੇ ਪਾਣੀ ਨਾਲ ਸਿੰਜਿਆ ਜਾਵੇ।**

**ਜਦੋਂ ਪਰਵਰਿਸ਼ ਕਰਨ ਵਾਲਾ ਉਨ੍ਹਾਂ ਦੀ ਦੇਖਭਾਲ ਕਰਦਾ ਹੈ... ਤਾਂ ਉਹ ਨੇਕੀ ਦੇ ਤਣੇ 'ਤੇ ਖੜ੍ਹੇ ਹੋ ਕੇ ਫਲਦਾਰ ਬਣਦੇ ਹਨ।**

ਅੱਲਾਹ ਮੇਰੇ ਲਈ ਅਤੇ ਤੁਹਾਡੇ ਲਈ ਮਹਾਨ ਕੁਰਆਨ ਵਿੱਚ ਬਰਕਤ ਫ਼ਰਮਾਵੇ, ਅਤੇ ਮੈਨੂੰ ਤੇ ਤੁਹਾਨੂੰ ਇਸ ਦੀਆਂ ਆਇਤਾਂ ਅਤੇ ਹਿਕਮਤ ਭਰੀ ਨਸੀਹਤ ਤੋਂ ਫ਼ਾਇਦਾ ਪਹੁੰਚਾਵੇ। ਮੈਂ ਆਪਣੀ ਇਹ ਗੱਲ ਆਖਦਾ ਹਾਂ ਅਤੇ ਅੱਲਾਹ ਤੋਂ ਆਪਣੇ ਲਈ ਅਤੇ ਤੁਹਾਡੇ ਲਈ ਹਰ ਗੁਨਾਹ ਦੀ ਮਾਫ਼ੀ ਮੰਗਦਾ ਹਾਂ ਅਤੇ ਉਸੇ ਵੱਲ ਤੌਬਾ ਕਰਦਾ ਹਾਂ। ਤੁਸੀਂ ਵੀ ਉਸ ਤੋਂ ਮਾਫ਼ੀ ਮੰਗੋ ਅਤੇ ਉਸ ਵੱਲ ਤੌਬਾ ਕਰੋ; ਬੇਸ਼ੱਕ ਉਹ ਬਹੁਤ ਬਖ਼ਸ਼ਣਹਾਰ ਅਤੇ ਰਹਿਮ ਕਰਨ ਵਾਲਾ ਹੈ।

# ਦੂਜਾ ਖ਼ੁਤਬਾ

الْحَمْدُ لِلَّهِ عَلَى إِحْسَانِهِ، وَالشُّكْرُ لَهُ عَلَى تَوْفِيقِهِ وَامْتِنَانِهِ، وَالصَّلَاةُ وَالسَّلَامُ عَلَى الدَّاعِي إِلَى رِضْوَانِهِ، مُحَمَّدِ بْنِ عَبْدِ اللَّهِ، وَعَلَى آلِهِ وَصَحْبِهِ، وَمَنْ سَارَ عَلَى مِنْوَالِهِ إِلَى يَوْمِ الدِّينِ.

**ਸਭ ਤਾਰੀਫ਼ਾਂ ਅੱਲਾਹ ਦੇ ਅਹਿਸਾਨ 'ਤੇ ਉਸ ਲਈ ਹਨ, ਅਤੇ ਉਸ ਦਾ ਧੰਨਵਾਦ ਹੈ ਉਸ ਦੀ ਤੌਫ਼ੀਕ ਅਤੇ ਮਿਹਰਬਾਨੀ 'ਤੇ। ਰਹਮਤ ਅਤੇ ਸਲਾਮਤੀ ਹੋਵੇ ਉਸ (ਮਹਾਨ ਰਸੂਲ) 'ਤੇ ਜੋ ਉਸ ਦੀ ਰਜ਼ਾ ਵੱਲ ਬੁਲਾਉਣ ਵਾਲੇ ਹਨ, ਯਾਨੀ ਮੁਹੰਮਦ ਬਿਨ ਅਬਦੁੱਲਾਹ, ਅਤੇ ਆਪ ਜੀ ਦੀ ਆਲ (ਪਰਿਵਾਰ), ਆਪ ਜੀ ਦੇ ਸਹਾਬਾ (ਸਾਥੀਆਂ), ਅਤੇ ਉਨ੍ਹਾਂ ਸਾਰਿਆਂ 'ਤੇ ਜੋ ਕਿਆਮਤ ਦੇ ਦਿਨ ਤੱਕ ਆਪ ਜੀ ਦੇ ਰਸਤੇ 'ਤੇ ਚੱਲਣ ਵਾਲੇ ਹਨ।**

**ਅੰਮਾ ਬਾਅਦ (ਇਸ ਤੋਂ ਬਾਅਦ):**

ਅੱਲਾਹ ਦੇ ਬੰਦੇਓ! ਅੱਲਾਹ ਤੋਂ ਡਰੋ ਜਿਵੇਂ ਉਸ ਤੋਂ ਡਰਨ ਦਾ ਹੱਕ ਹੈ, ਗੁਪਤ ਅਤੇ ਪ੍ਰਗਟ ਵਿੱਚ ਉਸ ਦੀ ਨਿਗਰਾਨੀ ਦਾ ਅਹਿਸਾਸ ਰੱਖੋ, ਅਤੇ ਜਾਣ ਲਵੋ ਕਿ ਤੁਸੀਂ ਉਸੇ ਵੱਲ ਇਕੱਠੇ ਕੀਤੇ ਜਾਓਗੇ।

**ਹੇ ਮੁਸਲਮਾਨੋ!**

ਤਰਬੀਅਤ ਵਿੱਚ ਮਦਦ ਕਰਨ ਵਾਲੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ: **ਚੰਗਾ ਅਮਲੀ ਨਮੂਨਾ (ਕੁਦਵਾ-ਏ-ਹਸਨਾ)**। ਇਹ ਬਿਨਾਂ ਬੋਲੇ ਕੀਤੀ ਜਾਣ ਵਾਲੀ ਤਰਬੀਅਤ ਹੈ, ਜੋ ਬੱਚਿਆਂ ਦੇ ਮਨਾਂ 'ਤੇ ਚੁੱਪਚਾਪ ਆਪਣੇ ਪ੍ਰਭਾਵ ਪਾਉਂਦੀ ਹੈ। ਬੱਚਾ ਚੰਗੇ ਅਖ਼ਲਾਕ ਅਤੇ ਸੁਚੱਜੇ ਨਮੂਨੇ ਨੂੰ ਵੇਖ ਕੇ ਉਸ ਤੋਂ ਪ੍ਰਭਾਵਿਤ ਹੁੰਦਾ ਹੋਇਆ ਵੱਡਾ ਹੁੰਦਾ ਹੈ। ਇਸੇ ਲਈ ਬੱਚੇ ਦੇ ਵਿਵਹਾਰ ਵਿੱਚ ਵਿਗਾੜ ਅਤੇ ਅਸੰਤੁਲਨ ਪੈਦਾ ਕਰਨ ਵਾਲੀ ਸਭ ਤੋਂ ਖ਼ਤਰਨਾਕ ਚੀਜ਼ ਇਹ ਹੈ ਕਿ ਉਹ ਕਥਨੀ ਅਤੇ ਕਰਨੀ (ਕਹਿਣ ਅਤੇ ਕਰਨ) ਵਿੱਚ ਫ਼ਰਕ ਵੇਖੇ।

ਅੱਲਾਹ ਤਆਲਾ ਨੇ ਆਪਣੇ ਨਬੀ (ਸੱਲੱਲਾਹੁ ਅਲੈਹਿ ਵ ਸੱਲਮ) ਨੂੰ ਆਪਣੇ ਤੋਂ ਪਹਿਲਾਂ ਲੰਘੇ ਅੰਬੀਆ ਅਤੇ ਰਸੂਲਾਂ (ਅਲੈਹਿਮੁੱਸਲਾਮ) ਦੀ ਪੈਰਵੀ ਕਰਨ ਦਾ ਹੁਕਮ ਦਿੱਤਾ, ਫ਼ਰਮਾਇਆ:

{أُولَئِكَ الَّذِينَ هَدَى اللَّهُ فَبِهُدَاهُمُ اقْتَدِهْ} [الأنعام: 90]

**"ਇਹ ਉਹ ਲੋਕ ਸਨ ਜਿਨ੍ਹਾਂ ਨੂੰ ਅੱਲਾਹ ਨੇ ਹਦਾਇਤ ਦਿੱਤੀ, ਇਸ ਲਈ ਤੁਸੀਂ ਵੀ ਉਨ੍ਹਾਂ ਦੇ ਹੀ ਰਸਤੇ ਦੀ ਪੈਰਵੀ ਕਰੋ।"** [ਅਲ-ਅਨਆਮ: 90]

ਅਤੇ ਇਸ ਉੱਮਤ ਨੂੰ ਆਪਣੇ ਰਸੂਲ (ਸੱਲੱਲਾਹੁ ਅਲੈਹਿ ਵ ਸੱਲਮ) ਦੇ ਹਰ ਬੋਲ, ਹਰ ਅਮਲ ਅਤੇ ਹਰ ਹਾਲਤ ਵਿੱਚ ਆਪ ਜੀ ਦੇ ਨਕਸ਼ੇ-ਕਦਮ 'ਤੇ ਚੱਲਣ ਦੀ ਹਦਾਇਤ ਕੀਤੀ, ਫ਼ਰਮਾਇਆ:

{لَقَدْ كَانَ لَكُمْ فِي رَسُولِ اللَّهِ أُسْوَةٌ حَسَنَةٌ لِمَنْ كَانَ يَرْجُو اللَّهَ وَالْيَوْمَ الْآخِرَ وَذَكَرَ اللَّهَ كَثِيرًا} [الأحزاب: 21]

**"ਯਕੀਨਨ ਤੁਹਾਡੇ ਲਈ ਅੱਲਾਹ ਦੇ ਰਸੂਲ ਵਿੱਚ ਇੱਕ ਚੰਗਾ ਨਮੂਨਾ (ਉਦਾਹਰਣ) ਹੈ, ਹਰ ਉਸ ਵਿਅਕਤੀ ਲਈ ਜੋ ਅੱਲਾਹ ਅਤੇ ਆਖ਼ਰਤ ਦੇ ਦਿਨ ਦੀ ਉਮੀਦ ਰੱਖਦਾ ਹੈ ਅਤੇ ਅੱਲਾਹ ਨੂੰ ਬਹੁਤ ਯਾਦ ਕਰਦਾ ਹੈ।"** [ਅਲ-ਅਹਜ਼ਾਬ: 21]

ਇਹ ਇਸ ਗੱਲ ਦਾ ਸਬੂਤ ਹੈ ਕਿ ਚੰਗੇ ਨਮੂਨੇ ਦਾ ਮੌਜੂਦ ਹੋਣਾ ਸਮਾਜ ਦੇ ਨਿਰਮਾਣ ਦੇ ਮੁੱਖ ਥੰਮ੍ਹਾਂ ਵਿੱਚੋਂ ਇੱਕ ਹੈ, ਅਤੇ ਅਜਿਹੇ ਨੇਕ ਵਿਅਕਤੀਆਂ ਦੀ ਪਰਵਰਿਸ਼ ਦਾ ਮੁੱਖ ਕਾਰਨ ਹੈ ਜੋ ਆਪਣੇ ਆਲੇ-ਦੁਆਲੇ ਦੇ ਲੋਕਾਂ ਲਈ ਫ਼ਾਇਦੇਮੰਦ ਬਣਦੇ ਹਨ।

**ਹੇ ਬਰਕਤ ਵਾਲਿਓ!**

ਜਾਣ ਲਵੋ ਕਿ ਤਰਬੀਅਤ ਦੇ ਸਭ ਤੋਂ ਕਾਰਗਰ ਤਰੀਕਿਆਂ ਵਿੱਚੋਂ ਇੱਕ ਹੈ: ਬੱਚਿਆਂ ਦੀਆਂ ਰੁਚੀਆਂ 'ਤੇ ਸਮਝਦਾਰੀ ਨਾਲ ਨਜ਼ਰ ਰੱਖਣਾ, ਉਨ੍ਹਾਂ ਦੇ ਦਿਮਾਗ ਵਿੱਚ ਚੱਲ ਰਹੀਆਂ ਗੱਲਾਂ ਨੂੰ ਸਮਝਣਾ, ਅਤੇ ਉਨ੍ਹਾਂ ਨਾਲ ਗੱਲਬਾਤ (ਸੰਵਾਦ)

ਦਾ ਦਰਵਾਜ਼ਾ ਖੋਲ੍ਹਣਾ, ਤਾਂਕਿ ਝਿਜਕ ਅਤੇ ਰੁਕਾਵਟਾਂ ਦੂਰ ਹੋ ਜਾਣ ਅਤੇ ਉਹ ਗੱਲਬਾਤ ਕਰਦੇ ਹੋਏ ਸੁਰੱਖਿਅਤ ਮਹਿਸੂਸ ਕਰਨ। ਇਸ ਤਰ੍ਹਾਂ ਮਾਤਾ-ਪਿਤਾ ਇੱਕ ਦੋਸਤ ਦੇ ਰੂਪ ਵਿੱਚ ਸਰਪ੍ਰਸਤ ਅਤੇ ਇੱਕ ਸਾਥੀ ਦੇ ਰੂਪ ਵਿੱਚ ਜ਼ਿੰਮੇਵਾਰ ਬਣ ਜਾਂਦੇ ਹਨ, ਜੋ ਰੋਬ ਅਤੇ ਮੁਹੱਬਤ, ਅਤੇ ਮਾਰਗਦਰਸ਼ਨ ਅਤੇ ਅਪਣੱਤ ਦੋਵਾਂ ਨੂੰ ਇਕੱਠਾ ਕਰ ਲੈਂਦੇ ਹਨ।

ਇਬਰਾਹੀਮ ਖ਼ਲੀਲੁੱਲਾ ਅਤੇ ਉਨ੍ਹਾਂ ਦੇ ਪੁੱਤਰ ਇਸਮਾਏਲ (ਅਲੈਹਿਮੁੱਸਲਾਮ) ਵਿਚਕਾਰ ਹੋਈ ਇਸ ਗੱਲਬਾਤ 'ਤੇ ਵੀਚਾਰ ਕਰੋ:

{ فَلَمَّا بَلَغَ مَعَهُ السَّعْيَ قَالَ يَابُنَيَّ إِنِّي أَرَى فِي الْمَنَامِ أَنِّي أَذْبَحُكَ فَانْظُرْ مَاذَا تَرَى قَالَ يَاأَبَتِ افْعَلْ مَا تُؤْمَرُ سَتَجِدُنِي إِنْ شَاءَ اللَّهُ مِنَ الصَّابِرِينَ} [الصافات: 102]

**"ਫਿਰ ਜਦੋਂ ਉਹ (ਪੁੱਤਰ) ਉਨ੍ਹਾਂ ਨਾਲ ਦੌੜ-ਭੱਜ ਕਰਨ ਦੀ ਉਮਰ ਨੂੰ ਪਹੁੰਚਿਆ, ਤਾਂ ਇਬਰਾਹੀਮ ਨੇ ਕਿਹਾ: ਹੇ ਮੇਰੇ ਪਿਆਰੇ ਪੁੱਤਰ! ਮੈਂ ਸੁਫ਼ਨੇ ਵਿੱਚ ਵੇਖਿਆ ਹੈ ਕਿ ਮੈਂ ਤੈਨੂੰ ਜ਼ਬਹ (ਕਰਬਾਨ) ਕਰ ਰਿਹਾ ਹਾਂ, ਹੁਣ ਤੂੰ ਦੱਸ tera ਕੀ ਵਿਚਾਰ ਹੈ? ਪੁੱਤਰ ਨੇ ਕਿਹਾ: ਹੇ ਮੇਰੇ ਪਿਤਾ ਜੀ! ਤੁਹਾਨੂੰ ਜੋ ਹੁਕਮ ਦਿੱਤਾ ਜਾ ਰਿਹਾ ਹੈ ਉਹ ਕਰ ਦਿਓ, ਅੱਲਾਹ ਨੇ ਚਾਹਿਆ ਤਾਂ ਤੁਸੀਂ ਮੈਨੂੰ ਸਬਰ ਕਰਨ ਵਾਲਿਆਂ ਵਿੱਚੋਂ ਪਾਓਗੇ।"** [ਅਸ-ਸਾਫ਼ਾਤ: 102]

ਅਤੇ ਜਦੋਂ ਯੂਸੁਫ਼ (ਅਲੈਹਿਸਲਾਮ) ਨੇ ਉਹ ਸੁਫ਼ਨਾ ਵੇਖਿਆ, ਤਾਂ ਉਨ੍ਹਾਂ ਨੇ ਆਪਣਾ ਭੇਦ ਆਪਣੇ ਪਿਤਾ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਦੱਸਿਆ, ਕਿਉਂਕਿ ਭੇਦ ਉਸੇ ਕੋਲ ਰੱਖੇ ਜਾਂਦੇ ਹਨ ਜਿਸ 'ਤੇ ਪੂਰਾ ਭਰੋਸਾ ਹੋਵੇ:

{إِذْ قَالَ يُوسُفُ لِأَبِيهِ يَاأَبَتِ إِنِّي رَأَيْتُ أَحَدَ عَشَرَ كَوْكَبًا وَالشَّمْسَ وَالْقَمَرَ رَأَيْتُهُمْ لِي سَاجِدِينَ} [يوسف: 4]}

**"ਜਦੋਂ ਯੂਸੁਫ਼ ਨੇ ਆਪਣੇ ਪਿਤਾ ਨੂੰ ਕਿਹਾ: ਹੇ ਮੇਰੇ ਪਿਤਾ ਜੀ! ਮੈਂ (ਸੁਫ਼ਨੇ ਵਿੱਚ) ਗਿਆਰਾਂ ਤਾਰੇ ਅਤੇ ਸੂਰਜ ਤੇ ਚੰਦ ਵੇਖੇ, ਮੈਂ ਵੇਖਿਆ ਕਿ ਉਹ ਮੈਨੂੰ ਸਿਜਦਾ ਕਰ ਰਹੇ ਹਨ।"** [ਯੂਸੁਫ਼: 4]

**ਅਨਾਥ (ਯਤੀਮ) ਉਹ ਨਹੀਂ ਜਿਸ ਦੇ ਮਾਂ-ਬਾਪ ਦੁਨੀਆ ਦੇ ਫ਼ਿਕਰਾਂ ਤੋਂ ਮੁਕਤ ਹੋ ਕੇ ਉਸ ਨੂੰ ਬੇਸਹਾਰਾ ਛੱਡ ਗਏ,**

**ਅਸਲ ਯਤੀਮ ਤਾਂ ਉਹ ਹੈ ਜਿਸ ਦੀ ਮਾਂ ਨੇ (ਜ਼ਿੰਮੇਵਾਰੀ ਤੋਂ) ਮੂੰਹ ਮੋੜ ਲਿਆ ਹੋਵੇ ਜਾਂ ਪਿਓ ਕੰਮਾਂ ਵਿੱਚ ਰੁੱਝਿਆ ਹੋਵੇ।**

اللَّهُمَّ اغْفِرْ لِلْمُسْلِمِينَ وَالْمُسْلِمَاتِ؛ الْأَحْيَاءِ مِنْهُمْ وَالْأَمْوَاتِ، رَبَّنَا ارْفَعْ عَنَّا الْبَلَاءَ وَالْوَبَاءَ، وَالضَّرَّاءَ وَالْبَأْسَاءَ، وَأَدِمْ عَلَيْنَا النِّعَمَ، وَادْفَعْ عَنَّا النِّقَمَ، وَزَكِّ نُفُوسَنَا أَنْتَ خَيْرُ مَنْ زَكَّاهَا، رَبَّنَا آتِنَا فِي الدُّنْيَا حَسَنَةً وَفِي الْآخِرَةِ حَسَنَةً وَقِنَا عَذَابَ النَّارِ،

اللَّهُمَّ وَفِّقْ أَمِيرَنَا وَوَلِيَّ عَهْدِهِ لِمَا تُحِبُّ وَتَرْضَى، وَخُذْ بِنَوَاصِيهِمَا لِلْبِرِّ وَالتَّقْوَى، وَاجْعَلْ هَذَا الْبَلَدَ آمِنًا مُطْمَئِنًّا، سَخَاءً رَخَاءً وَسَائِرَ بِلَادِ المُسْلِمِينَ.

**ਹੇ ਅੱਲਾਹ! ਸਾਰੇ ਮੁਸਲਮਾਨ ਮਰਦਾਂ ਅਤੇ ਮੁਸਲਮਾਨ ਔਰਤਾਂ ਨੂੰ ਮਾਫ਼ ਕਰ ਦੇ, ਚਾਹੇ ਉਹ ਜਿਉਂਦੇ ਹਨ ਜਾਂ ਅਕਾਲ ਚਲਾਣਾ ਕਰ ਚੁੱਕੇ ਹਨ। ਹੇ ਸਾਡੇ ਰੱਬ! ਸਾਡੇ ਤੋਂ ਆਫ਼ਤਾਂ, ਮਹਾਂਮਾਰੀਆਂ, ਦੁੱਖ-ਤਕਲੀਫ਼ਾਂ ਅਤੇ ਮੁਸੀਬਤਾਂ ਦੂਰ ਕਰ ਦੇ। ਸਾਡੇ 'ਤੇ ਆਪਣੀਆਂ ਨੇਮਤਾਂ ਕਾਇਮ ਰੱਖ, ਸਾਡੇ ਤੋਂ ਬਲਾਵਾਂ ਟਾਲ ਦੇ, ਅਤੇ ਸਾਡੇ ਮਨਾਂ ਨੂੰ ਪਾਕ ਕਰ ਦੇ, ਤੂੰ ਹੀ ਸਭ ਤੋਂ ਵਧੀਆ ਪਾਕ ਕਰਨ ਵਾਲਾ ਹੈਂ। ਹੇ ਸਾਡੇ ਰੱਬ! ਸਾਨੂੰ ਦੁਨੀਆ ਵਿੱਚ ਵੀ ਭਲਾਈ ਅਤਾ ਫ਼ਰਮਾ ਅਤੇ ਆਖ਼ਰਤ ਵਿੱਚ ਵੀ ਭਲਾਈ ਅਤਾ ਫ਼ਰਮਾ, ਅਤੇ ਸਾਨੂੰ ਦੋਜ਼ਖ਼ ਦੇ ਅਜ਼ਾਬ ਤੋਂ ਬਚਾ। ਹੇ ਅੱਲਾਹ! ਸਾਡੇ ਅਮੀਰ (ਸ਼ਾਸਕ) ਅਤੇ ਉਨ੍ਹਾਂ ਦੇ ਵਲੀ ਅਹਦ (ਉੱਤਰਾਧਿਕਾਰੀ) ਨੂੰ ਉਨ੍ਹਾਂ ਕੰਮਾਂ ਦੀ ਤੌਫ਼ੀਕ ਦੇ ਜਿਨ੍ਹਾਂ ਤੋਂ ਤੂੰ ਖ਼ੁਸ਼ ਹੁੰਦਾ ਹੈਂ, ਉਨ੍ਹਾਂ ਨੂੰ ਨੇਕੀ ਅਤੇ ਪਰਹੇਜ਼ਗਾਰੀ ਦੇ ਰਸਤੇ 'ਤੇ ਚਲਾ, ਅਤੇ ਇਸ ਦੇਸ਼ ਨੂੰ ਤਰੱਕੀ, ਖ਼ੁਸ਼ਹਾਲੀ, ਅਮਨ ਅਤੇ ਸਕੂਨ ਦਾ ਗੜ੍ਹ ਬਣਾ, ਅਤੇ ਬਾਕੀ ਸਾਰੇ ਮੁਸਲਿਮ ਦੇਸ਼ਾਂ ਦੀ ਵੀ ਹਿਫ਼ਾਜ਼ਤ ਫ਼ਰਮਾ।**

*ਜੁਮੇ ਦਾ ਖ਼ੁਤਬਾ ਤਿਆਰ ਕਰਨ ਵਾਲੀ ਕਮੇਟੀ)*